multi
cultural health
communication

Punjabi
[DOH-7135]

# ਲੀਜਨਐਰਸ

**(Legionnaires disease)**

**ਲੀਜਨਐਰਸ ਰੋਗ ਕੀ ਹੈ ?**
ਲੀਜਨਐਰਸ ਰੋਗ ਫੇਫੜਿਆਂ ਦੀ ਸੋਜਿਸ਼ (ਨਿਮੋਨੀਆ) ਹੁੰਦਾ ਹੈ ਜਿਹੜਾ ਲੀਜਨਐਲਾ ਪਰਿਵਾਰ ਦਾ ਇੱਕ ਛੂਤ ਹੈ ।

ਐਨ ਐਸ ਡਬਲਿਯੂ ਵਿੱਚ ਲੀਜਨਐਰਸ ਦੇ ਸਾਹਮਣੇ ਆਉਣ ਵਾਲੇ ਕੇਸਾਂ ਵਿੱਚੋਂ ਬਹੁਤੇ ਲਜਿਨਐਲਾ ਨਿਊਮੋਫਿਲਾ ਕਾਰਨ ਹੀ ਹੋਏ ਹੁੰਦੇ ਹਨ। ਐਨ ਐਸ ਡਬਲਿਯੂ ਵਿੱਚ ਲੀਜਨਐਲਾ ਰੋਗ ਦੇ ਹਰ ਸਾਲ ੭੦ ਕੇਸ ਸਾਹਮਣੇ ਆਉਂਦੇ ਹਨ।

ਲੀਜਨਐਲਾ ਨਿਊਮੋਫਿਲਾ ਆਮ ਤੌਰ ਉਤੇ ਜਲ ਸਰੋਤਾਂ ਵਿੱਚ ਪਾਇਆ ਜਾਂਦਾ ਹੈ ਜਦੋਂ ਕਿ ਲੀਜਨਐਲਾ ਪਰਿਵਾਰ ਦਾ ਇੱਕ ਹੋਰ ਬੈਕਟੀਰੀਆ; ਲੀਜਨਐਲਾ ਲੌਂਗਬੀਚੇ ਆਮ ਤੌਰ ਉਤੇ ਮਿੱਟੀ ਅਤੇ ਪੌਟਿੰਗ ਮਿਕਸ ਵਿੱਚ ਪਾਇਆ ਜਾਂਦਾ ਹੈ।

**ਇਸ ਰੋਗ ਦੇ ਕੀ ਲੱਛਣ ਹਨ ?**
ਲੀਜਨਐਰਸ ਰੋਗ ਦੌਰਾਨ ਆਮ ਤੌਰ ਉਤੇ ਬੁਖ਼ਾਰ ਹੋ ਜਾਂਦਾ ਹੈ, ਠੰਢ ਲੱਗਦੀ ਹੈ ਅਤੇ ਸੁੱਕੀ ਜਾਂ ਬਲਗਮ ਵਾਲੀ ਖੰਘ ਹੋ ਜਾਂਦੀ ਹੈ। ਕੁੱਝ ਮਰੀਜ਼ ਪੱਠਿਆਂ ਵਿੱਚ ਦਰਦ, ਸਿਰ ਦਰਦ, ਥਕਾਵਟ, ਭੁੱਖ ਵਿੱਚ ਕਮੀ ਅਤੇ ਦਸਤਾਂ ਦੀ ਸਮੱਸਿਆ ਤੋਂ ਵੀ ਪੀੜਤ ਹੋ ਸਕਦੇ ਹਨ। ਮਰੀਜ਼ ਨੂੰ ਖ਼ਤਰਨਾਕ ਕਿਸਮ ਦਾ ਨਿਮੋਨੀਆ ਹੋ ਸਕਦਾ ਹੈ, ਬਹੁਤੇ ਮਰੀਜ਼ ਇਸ ਰੋਗ ਤੋਂ ਠੀਕ ਹੋ ਜਾਂਦੇ ਹਨ ਪਰੰਤੂ ਕੁੱਝ ਵਾਰ ਇਹ ਰੋਗ ਬੇਹੱਦ ਘਾਤਕ ਸਿੱਧ ਹੋ ਸਕਦਾ ਹੈ।

**ਲੀਜਨਐਰਸ ਰੋਗ ਹੁੰਦਾ ਕਿਵੇਂ ਹੈ ?**
ਲੀਜਨਐਰਸ ਰੋਗ ਅਜਿਹੇ ਵਿਅਕਤੀਆਂ ਨੂੰ ਹੋ ਸਕਦਾ ਹੈ ਜੋ ਲੀਜਨਐਲਾ ਨਿਊਮੋਫਿਲਾ ਤੋਂ ਦੂਸ਼ਿਤ ਜਲ ਸਰੋਤਾਂ (ਏਅਰ ਕੰਡੀਸ਼ਨਿੰਗ ਕੂਲਿੰਗ ਟਾਵਰਸ, ਵ੍ਹਿਰਲਪੂਲ ਸਪਾਸ, ਸ਼ਾਵਰ) ਜਾਂ ਕੁੱਝ ਵਾਰ ਲੈਜਨਐਲਾ ਲੌਂਗਬੀਚ ਬੈਕਟੀਰੀਆ ਤੋਂ ਦੂਸ਼ਿਤ ਮਿੱਟੀ ਜਾਂ ਪੌਟਿੰਗ ਮਿਕਸ ਦੀ ਹਵਾ ਵਿੱਚ ਸਾਹ ਲੈਂਦੇ ਹਨ। ਵਿਅਕਤੀਆਂ ਨੂੰ ਇਹ ਛੂਤ ਘਰ ਵਿੱਚ, ਕੰਮ ਵੇਲੇ ਜਾਂ ਜਨਤਕ ਸਥਾਨਾਂ ਉਤੇ ਲੱਗ ਸਕਦੀ ਹੈ।

ਇਹ ਰੋਗ ਵਿਅਕਤੀ ਤੋਂ ਵਿਅਕਤੀ ਤੱਕ ਨਹੀਂ ਫੈਲਦਾ।

ਇਸ ਬੈਕਟੀਰੀਆ ਦੀ ਛੂਤ ਲੱਗਣ ਦੇ ਦੋ ਤੋਂ ਦਸ ਦਿਨਾਂ ਅੰਦਰ ਵਿਅਕਤੀ ਵਿੱਚ ਇਸ ਰੋਗ ਦੇ ਲੱਛਣ ਸਾਹਮਣੇ ਆਉਂਦੇ ਹਨ।
ਲੀਜਨਐਰਸ ਰੋਗ ਆਮ ਤੌਰ ਉਤੇ ਸਿਗਰੇਟ ਪੀਣ ਜਾਂ ਫੇਫੜਿਆਂ ਦੇ ਕਿਸੇ ਪੁਰਾਣੇ ਰੋਗ ਨੂੰ ਝੱਲ ਰਹੇ ਅੱਧਖੜ੍ਹ ਅਤੇ ਬਜ਼ੁਰਗ ਵਿਅਕਤੀਆਂ ਨੂੰ ਹੁੰਦਾ ਹੈ। ਇਹ ਰੋਗ ਉਨ੍ਹਾਂ ਵਿਅਕਤੀਆਂ ਨੂੰ ਵਧੇਰੇ ਹੋਣ ਦੀ ਸੰਭਾਵਨਾ ਹੁੰਦੀ ਹੈ ਜਿਨ੍ਹਾਂ ਦੀ ਜੀਵਨੀ ਸ਼ਕਤੀ (immune system) ਵਧੇਰੇ ਦਵਾਈਆਂ ਲੈਣ ਨਾਲ ਜਾਂ ਕੈਂਸਰ, ਗੁਰਦਿਆਂ ਦੇ ਫੇਲ੍ਹ ਹੋਣ, ਸ਼ੂਗਰ ਜਾਂ ਏਡਜ਼ ਵਰਗੇ ਰੋਗਾਂ ਨਾਲ ਕਮਜ਼ੋਰ ਹੋ ਚੁੱਕੀ ਹੁੰਦੀ ਹੈ।

**ਲੀਜਨਐਰਸ ਰੋਗ ਦੀ ਤਸ਼ਖ਼ੀਸ (diagnosis) ਕਿਵੇਂ ਹੁੰਦੀ ਹੈ ਅਤੇ ਇਸ ਦਾ ਇਲਾਜ ਕਿਵੇਂ ਹੁੰਦਾ ਹੈ ?**
ਲੀਜਨਐਰਸ ਰੋਗ ਦਾ ਵਖਰੇਵਾਂ ਕੇਵਲ ਲੱਛਣਾਂ ਦੇ ਆਧਾਰ ਉਤੇ ਨਿਮੋਨੀਆ ਦੀਆਂ ਹੋਰਨਾਂ ਕਿਸਮਾਂ ਨਾਲੋਂ ਕਰਨਾ ਔਖਾ ਹੈ। ਛਾਤੀ ਦੇ ਐਕਸਰੇ ਤੋਂ ਕੇਵਲ ਨਿਮੋਨੀਆ ਹੋਣ ਦਾ ਪਤਾ ਲਗਦਾ ਹੈ ਪਰੰਤੂ ਇਸ ਰੋਗ ਦੀ ਸ਼ਨਾਖ਼ਤ ਲਈ ਵਿਸ਼ੇਸ਼ ਟੈਸਟਾਂ ਦੀ ਲੋੜ ਹੁੰਦੀ ਹੈ।

ਇਸ ਰੋਗ ਦੀ ਤਸ਼ਖ਼ੀਸ/ਪੁਸ਼ਟੀ ਲਈ ਖ਼ੂਨ ਦੇ ਸੈਂਪਲ (ਤਿੰਨ ਤੋਂ ਛੇ ਹਫਤਿਆਂ ਦੇ ਫ਼ਰਕ ਨਾਲ ਲਏ ਜਾਣ), ਥੁੱਕ ਅਤੇ ਪਿਸ਼ਾਬ ਦੇ ਟੈਸਟ ਕਰਨ ਦੀ ਲੋੜ ਹੁੰਦੀ ਹੈ।

ਲੀਜਨਐਰਸ ਰੋਗ ਦਾ ਇਲਾਜ ਐਂਟੀਬਾਇਓਟਿਕਸ ਦਵਾਈਆਂ ਨਾਲ ਕੀਤਾ ਜਾ ਸਕਦਾ ਹੈ।
ਲੈਜਨਐਰਸ ਰੋਗ ਤੋਂ ਪੀੜਤ ਮਰੀਜ਼ਾਂ ਦਾ ਇਲਾਜ ਹਸਪਤਾਲਾਂ ਵਿੱਚ ਡ੍ਰਿਪ ਰਾਹੀਂ ਕੀਤਾ ਜਾ ਸਕਦਾ ਹੈ। ਕੁੱਝ ਮਰੀਜ਼ਾਂ ਨੂੰ ਇੰਟੈਂਸਿਵ ਕੇਅਰ ਯੂਨਿਟ ਵਿੱਚ ਰੱਖਣ ਦੀ ਵੀ ਲੋੜ ਪੈ ਸਕਦੀ ਹੈ ਅਤੇ ਵੈਂਟੀਲੇਟਰ ਰਾਹੀਂ ਸਾਹ ਦੇਣ ਦੀ ਜ਼ਰੂਰਤ ਪੈ ਸਕਦੀ ਹੈ।


NSW GOVERNMENT | Health

**ਲੀਜਨਐਰਸ ਰੋਗ ਦੀ ਰੋਕਥਾਮ ਲਈ ਕੀ ਕੀਤਾ ਜਾ ਸਕਦਾ ਹੈ ?**

ਲੀਜਨੈਲਾ ਬੈਕਟੀਰੀਆ ਕਈ ਪ੍ਰਕਾਰ ਦੇ ਜਲ ਪ੍ਰਬੰਧਾਂ ਵਿੱਚ ਪਾਇਆ ਜਾ ਸਕਦਾ ਹੈ। ਗਰਮ ਅਤੇ ਖੜ੍ਹੇ ਪਾਣੀਆਂ ਵਿੱਚ ਇਹ ਬੈਕਟੀਰੀਆ ਵਧੇਰੇ ਵਧਦੇ ਫੁਲਦੇ ਹਨ। ਕੂਲਿੰਗ ਟਾਵਰਾਂ ਦਾ ਸੋਧਿਆ ਹੋਇਆ ਡਿਜ਼ਾਇਨ, ਉਨ੍ਹਾਂ ਨੂੰ ਛੂਤ ਤੋਂ ਮੁਕਤ ਕਰਨ ਅਤੇ ਉਨ੍ਹਾਂ ਦੇ ਰੱਖ-ਰਖਾਅ ਅਤੇ ਪਲੰਬਿੰਗ ਸਿਸਟਮ ਨਾਲ ਇਸ ਰੋਗ ਦੇ ਵਧਣ ਅਤੇ ਲੀਜਨਐਲਾ ਬੈਕਟੀਰਆ ਦੇ ਫੈਲਣ ਤੋਂ ਰੋਕਿਆ ਜਾ ਸਕਦਾ ਹੈ।

ਲੀਜਨਐਲਾ ਲੌਂਗਬੀਚ ਮਿੱਟੀ ਵਿੱਚ ਪਾਇਆ ਜਾਂਦਾ ਹੈ। ਪੌਟਿੰਗ ਮਿਕਸ ਲੇਬਲਾਂ ਉਤੇ ਦਿੱਤੀ ਚਿਤਾਵਨੀ ਉਤੇ ਚਲਦਿਆਂ ਪੌਟਿੰਗ ਮਿਕਸ ਧੂੜ ਨਾਲ ਸੰਪਰਕ ਨੂੰ ਘਟਾਉਣ ਲਈ ਦਸਤਾਨੇ ਅਤੇ ਨਕਾਬ ਪਾਓ, ਇਸ ਨਾਲ ਵੀ ਛੂਤ ਤੋਂ ਬਚਿਆ ਜਾ ਸਕਦਾ ਹੈ। ਪੌਟਿੰਗ ਮਿਕਸ ਜਾਂ ਮਿੱਟੀ ਨੂੰ ਹੱਥ ਲਾਉਣ ਮਗਰੋਂ ਅਤੇ ਖ਼ਾਸ ਕਰਕੇ ਖਾਣ-ਪੀਣ ਜਾਂ ਸਿਗਰੇਟ ਪੀਣ ਤੋਂ ਪਹਿਲਾਂ ਆਪਣੇ ਹੱਥ ਜ਼ਰੂਰ ਧੋਵੋ। ਇਹ ਤੱਥ ਸ਼ੀਟ; ਰੋਗ ਨਿਯੰਤ੍ਰਣ ਅਤੇ ਰੋਕਥਾਮ: ਲੀਜਓਨੈਲੌਸਿਸ ਲਈ ਬਣਾਏ ਕੇਂਦਰਾਂ ਤੋਂ ਲਈ ਗਈ ਹੈ, ਜਿਸ ਨੂੰ www.cdc.gov/ncidod/dbmd/diseaseinfo/legionellosis_g.htm ਉਤੇ ਵੇਖਿਆ ਜਾ ਸਕਦਾ ਹੈ।

## ਹੋਰ ਜਾਣਕਾਰੀ – NSW ਵਿੱਚ ਜਨ ਸਿਹਤ ਇਕਾਈਆਂ



**1300 066 055**

**www.health.nsw.gov.au**